OFFICE OF EXCUTIVE ENGINEER,
MANSA CANAL & GROUND WATER DIVISION,
WRD, PUNJAB, MANSA.
(Email- xenibmansa13@gmail.com)

**ਨੋਟਿਸ ਬੋਲੀ** ਮਿਤੀ 13/09/2024

ਮਾਨਯੋਗ ਪ੍ਰਮੁੱਖ ਸਕੱਤਰ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਦੁਆਰਾ ਜਾਰੀ ਨੋਟੀਫਿਕੇਸ਼ਨ ਨੰਬਰ -WR-1WRO4/11 2022-IW3/1/412032/2022, Dated 22/08/2022 ਅਤੇ WR-IRWRO4/11/2022-IW3/2078, Dated 13/06/2024 ਰਾਹੀਂ ਜਲ ਸਰੋਤ ਵਿਭਾਗ, ਅਧੀਨ ਇੱਕ (1) ਏਕੜ ਤੋਂ ਵੱਧ ਜ਼ਮੀਨਾਂ ਨੂੰ ਲੀਜ਼ ਤੇ ਦੇਣ ਸਬੰਧੀ ਹਿਦਾਇਤਾਂ ਜਾਰੀ ਹੋਈਆਂ ਸੀ। ਇਹਨਾਂ ਹਿਦਾਇਤਾਂ ਦੀ ਪਾਲਣਾ ਵਿੱਚ ਇਸ ਦਫਤਰ ਅਧੀਨ ਹੇਠਾਂ ਦਰਸਾਈਆਂ ਗਈਆਂ ਜ਼ਮੀਨਾਂ ਨੂੰ ਖੁੱਲ੍ਹੀ ਬੋਲੀ ਰਾਹੀਂ ਇੱਕ ਸਾਲ ਲਈ ਲੀਜ਼ ਤੇ ਦੇਣਾ ਹੈ। ਇਸ ਲਈ ਆਮ ਲੋਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਹੇਠਾਂ ਦਰਸਾਈ ਜਗ੍ਹਾ ਤੇ ਨਿਸ਼ਚਿਤ ਸਮੇਂ ਤੇ ਆ ਕੇ ਜਲ ਸਰੋਤ ਵਿਭਾਗ ਦੀਆਂ ਜ਼ਮੀਨਾਂ ਨੂੰ ਖੁੱਲ੍ਹੀ ਬੋਲੀ ਰਾਹੀਂ ਲੀਜ਼ ਤੇ ਲੈ ਸਕਦੇ ਹਨ। ਜੇਕਰ ਇਸ ਮਿਤੀ ਨੂੰ ਸਰਕਾਰੀ ਛੁੱਟੀ ਹੋ ਜਾਂਦੀ ਹੈ ਜਾਂ ਕਿਸੇ ਅਣ-ਸੁਖਾਵੀਂ ਘਟਨਾ ਕਾਰਨ ਬੋਲੀ ਨਹੀਂ ਹੋ ਪਾਉਂਦੀ ਤਾਂ ਇਸ ਸਬੰਧੀ ਬੋਲੀ ਦੀ ਮਿਤੀ ਅੱਗੇ ਨਿਸ਼ਚਿਤ ਕੀਤੀ ਜਾਵੇਗੀ। ਬੋਲੀ ਦੇਣ ਵਾਲੇ ਚਾਹਵਾਨਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਨਿਸ਼ਚਿਤ ਸਥਾਨ ਤੇ ਪਹੁੰਚ ਕੇ ਲਾਭ ਉਠਾਉਣ। ਬੋਲੀ ਕਰਵਾਉਣ ਲਈ ਮਿਤੀ ਅਤੇ ਸਮਾਂ ਹੇਠ ਲਿਖੇ ਅਨੁਸਾਰ ਹੈ:ਇੱਕ ਏਕੜ ਤੋਂ ਵੱਧ ਇੱਕ ਸਾਲ ਲਈ ਲੀਜ਼ ਤੇ ਦਿੱਤੀਆਂ ਜਾਣ ਵਾਲੀਆਂ ਜ਼ਮੀਨਾਂ ਦਾ ਵੇਰਵਾ:-

| ਲੜੀ ਨੰ: | ਪਿੰਡ ਦਾ ਨਾਂ | ਜ਼ਿਲ੍ਹਾ | ਏਰੀਆ ਏਕੜਾਂ ਵਿੱਚ | ਨਿਰਧਾਰਿਤ ਕੀਤਾ ਗਿਆ ਰੇਟ (ਪ੍ਰਤੀ ਏਕੜ) | ਸਕਿਓਰਿਟੀ (ਰਕਮ) | ਬੋਲੀ ਦਾ ਸਮਾਂ | ਬੋਲੀ ਦੀ ਮਿਤੀ | ਬੋਲੀ ਦਾ ਸਥਾਨ |
|---|---|---|---|---|---|---|---|---|
| 1. | ਰਾਮਾਂ | ਬਠਿੰਡਾ | 2.95 | 14606 | 2500 | ਸਵੇਰੇ 09:00 ਵਜੇ | 27/09/2024 | ਨਹਿਰੀ ਕੋਠੀ ਰਾਮਾਂ |

ਸ਼ਰਤਾਂ:-

1. ਵਾਹੀਯੋਗ ਜ਼ਮੀਨ ਇੱਕ ਸਾਲ ਲਈ ਲੀਜ਼ (ਠੇਕੇ) ਤੇ ਦਿੱਤੀ ਜਾਵੇਗੀ।
2. ਹਰ ਬੋਲੀਕਾਰ ਨੂੰ ਬੋਲੀ ਸ਼ੁਰੂ ਹੋਣ ਤੋਂ ਪਹਿਲਾਂ ਕੀਮਤ ਨਿਰਧਾਰਿਤ ਕਮੇਟੀ ਦੁਆਰਾ ਨਿਰਧਾਰਿਤ ਕੀਤੀ ਗਈ ਘੱਟੋ-ਘੱਟ ਸੁਰੱਖਿਆ ਰਕਮ ਜੋ ਉੱਪਰ ਦੱਤੇ ਟੇਬਲ ਅਨੁਸਾਰ ਦੱਸੀ ਗਈ ਹੈ, ਕੈਸ਼ ਦੇ ਤੌਰ ਤੇ ਜਮ੍ਹਾਂ ਕਰਵਾਉਣੀ ਹੋਵੇਗੀ। ਇਹ ਰਕਮ ਸਭ ਤੋਂ ਵੱਧ ਬੋਲੀ ਦੇਣ ਵਾਲੇ ਸਫਲ ਬੋਲੀਕਾਰ ਨੂੰ ਛੱਡ ਕੇ ਬਾਕੀ ਸਾਰੇ ਬੋਲੀਕਾਰਾਂ ਨੂੰ ਵਾਪਿਸ ਕਰ ਦਿੱਤੀ ਜਾਵੇਗੀ। ਸਭ ਤੋਂ ਵੱਧ ਬੋਲੀ ਲਾਉਣ ਵਾਲੇ ਬੋਲੀਕਾਰ ਵੱਲੋਂ ਜਮ੍ਹਾਂ ਕੀਤੀ ਗਈ ਸੁਰੱਖਿਆ ਰਕਮ ਨੂੰ ਬੋਲੀ ਦੀ ਰਕਮ ਵਿੱਚ ਐਡਜਸਟ ਕਰ ਲਿਆ ਜਾਵੇਗਾ।
3. ਸਫਲ ਬੋਲੀਕਾਰ, ਬੋਲੀ ਦੀ ਪ੍ਰਕਿਰਿਆ ਦੇ ਸਮਾਪਤ ਹੋਣ ਤੇ, ਬੋਲੀ ਦੀ 20 % ਰਕਮ Cash/Demand Draft ਦੇ ਰੂਪ ਵਿੱਚ ਮੌਕੇ ਤੇ ਜਾਂ 02 ਘੰਟਿਆਂ ਦੇ ਸਮੇਂ ਦੇ ਅੰਦਰ ਜਮ੍ਹਾਂ ਕਰਵਾਏਗਾ। ਅਜਿਹਾ ਕਰਨ ਵਿੱਚ ਅਸਫਲ ਰਹਿਣ ਦੀ ਸਥਿਤੀ ਵਿੱਚ ਬੋਲੀ ਦੀ ਪ੍ਰਕਿਰਿਆ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਸਫਲ ਬੋਲੀਕਾਰ ਬੋਲੀ ਦੀ ਰਕਮ ਜਮ੍ਹਾਂ ਨਹੀਂ ਕਰਵਾ ਦਿੰਦਾ।
4. ਸਫ਼ਲ ਬੋਲੀਕਾਰ ਨੂੰ ਬੋਲੀ ਦੀ ਕੁੱਲ ਰਕਮ ਦਾ 20 % ਰਕਮ ਉਸੇ ਸਮੇਂ ਜਾਂ 02 ਘੰਟਿਆਂ ਦੇ ਅੰਦਰ ਜਮ੍ਹਾਂ ਕਰਵਾਉਣੀ ਹੋਵੇਗੀ ਅਤੇ ਬੋਲੀ ਦੀ ਬਾਕੀ ਰਕਮ ਮਨਜ਼ੂਰੀ ਤੋਂ ਬਾਅਦ 01 ਹਫਤੇ ਦੇ ਅੰਦਰ-ਅੰਦਰ ਜਮ੍ਹਾਂ ਕਰਵਾਉਣੀ ਯਕੀਨੀ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਬੋਲੀਕਾਰ ਨੂੰ ਅਗਲੇ ਤਿੰਨ ਸਾਲ ਲਈ ਵਿਭਾਗ ਦੀਆਂ ਬੋਲੀਆਂ ਵਿੱਚ ਹਿੱਸਾ ਲੈਣ ਤੋਂ ਡੀਬਾਰ ਕਰ ਦਿੱਤਾ ਜਾਵੇਗਾ।
5. ਬੋਲੀ ਮਨਜ਼ੂਰ ਕਰਨ ਦਾ ਹੱਕ ਵਿਭਾਗ ਕੋਲ ਰਾਖਵਾਂ ਹੋਵੇਗਾ।
6. ਸਫ਼ਲ ਬੋਲੀਕਾਰ ਨੂੰ ਜ਼ਮੀਨ ਤੇ ਕਿਸੇ ਤਰ੍ਹਾਂ ਦਾ ਬਦਲਾਅ ਕੱਚੇ, ਪੱਕੇ ਸਟਰਕਚਰ ਦੀ ਉਸਾਰੀ ਕਰਨ ਜਾਂ ਦਰਖਤ ਆਦਿ ਨੂੰ ਪੁੱਟਣ ਦੀ ਮਨਾਹੀ ਹੋਵੇਗੀ। ਜੇਕਰ ਜ਼ਮੀਨ ਵਿੱਚ ਕਿਸੇ ਤਰ੍ਹਾਂ ਦਾ ਬਦਲਾਅ ਕਰਨ ਦੀ ਜਰੂਰਤ ਜਾਪਦੀ ਹੈ ਤਾਂ ਸਫ਼ਲ ਬੋਲੀਕਾਰ ਵੱਲੋਂ ਇਸ ਸਬੰਧੀ ਮਨਜ਼ੂਰੀ ਵਿਭਾਗ ਪਾਸੋ ਲੈਣੀ ਪਵੇਗੀ।
7. ਸਫ਼ਲ ਬੋਲੀਕਾਰ ਵਾਹੀਯੋਗ ਜ਼ਮੀਨ ਨੂੰ ਹਾੜ੍ਹੀ ਦੀ ਫਸਲ ਤੋਂ ਬਾਅਦ ਬਿਨਾਂ ਕਿਸੇ ਨੋਟਿਸ ਦੇ ਖਾਲੀ ਕਰਨਾ ਹੋਵੇਗਾ।
8. ਸਫ਼ਲ ਬੋਲੀਕਾਰ ਨੂੰ ਗਿਰਦਾਵਰੀ ਵਿੱਚ ਆਪਣੇ ਨਾਮ ਤੇ ਜ਼ਮੀਨ ਪਵਾਉਣ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ।
9. ਜੇਕਰ ਉਪਰੋਕਤ ਦਰਸਾਈ ਜ਼ਮੀਨ ਦੀ ਬੋਲੀ ਦੇਣ ਲਈ ਕੋਈ ਵੀ ਬੋਲੀਕਾਰ ਮਿਤੀ 27/09/2024 ਨੂੰ ਹਾਜ਼ਰ ਨਹੀਂ ਹੁੰਦਾ ਤਾਂ ਉਹਨਾਂ ਜ਼ਮੀਨ ਦੀ ਬੋਲੀ ਮਿਤੀ 04/10/2024 ਨੂੰ ਦੁਬਾਰਾ ਸਵੇਰੇ 10:00 ਵਜੇ ਪਹਿਲਾਂ ਨਿਰਧਾਰਿਤ ਰਾਖਵੀਂ ਕੀਮਤ ਤੇ ਕੀਤੀ ਜਾਵੇਗੀ।
10. ਸਫਲ ਬੋਲੀਕਾਰ ਨੂੰ ਬੋਲੀ ਮਨਜ਼ੂਰ ਹੋਣ ਉਪਰੰਤ ਵਿਭਾਗ ਨਾਲ ਇਕਰਾਰ ਕਰਨਾ ਹੋਵੇਗਾ।

ਕਾਰਜਕਾਰੀ ਇੰਜੀਨੀਅਰ,
ਮਾਨਸਾ ਨਹਿਰ ਅਤੇ ਗਰਾਊਂਡ ਵਾਟਰ ਮੰਡਲ,
ਜਲ ਸਰੋਤ ਵਿਭਾਗ, ਪੰਜਾਬ, ਜਵਾਹਰਕੇ।

ਪਿੱਠ ਅੰਕਣ ਨੰ:666-70/ਆਰ-1 ਮਿਤੀ 13/09/2024

11/10/2024

ਉਪਰੋਕਤ ਦਾ ਉਤਾਰਾ:-

1. ਨਿਗਰਾਨ ਇੰਜੀਨੀਅਰ/ਪਟਿਆਲਾ ਨਹਿਰ ਹਲਕਾ, ਜਲ ਸਰੋਤ ਵਿਭਾਗ, ਪੰਜਾਬ, ਪਟਿਆਲਾ।
2. ਡਿਪਟੀ ਕਮਿਸ਼ਨਰ, ਬਠਿੰਡਾ।
3. ਉਪ ਮੰਡਲ ਅਫ਼ਸਰ, ਤਲਵੰਡੀ/ਭੁਨੀਰ ਨਹਿਰ ਉਪ ਮੰਡਲ।
4. ਮੁੱਖ ਦਫਤਰ, ਚੰਡੀਗੜ੍ਹ. ਆਈ.ਟੀ. ਸੈੱਲ ਕਾਰਜਕਾਰੀ ਇੰਜੀਨੀਅਰ ਨੂੰ http://irrigation.punjab.gov.in ਦੀ ਸਾਈਟ ਤੇ ਅਪਲੋਡ ਕਰਨ ਲਈ ਭੇਜਿਆ ਜਾਂਦਾ ਹੈ।
5. ਆਮ ਜਨਤਾ ਲਈ ਨੋਟਿਸ ਬੋਰਡ।

IT cell

ਕਾਰਜਕਾਰੀ ਇੰਜੀਨੀਅਰ,
ਮਾਨਸਾ ਨਹਿਰ ਅਤੇ ਗਰਾਊਂਡ ਵਾਟਰ ਮੰਡਲ,
ਜਲ ਸਰੋਤ ਵਿਭਾਗ, ਪੰਜਾਬ, ਜਵਾਹਰਕੇ।